# <u>ਸ਼ਿਕਾਇਤ ਪ੍ਰਬੰਧਨ ਪ੍ਰਕਿਰਿਆ</u>

**(ਜਵਾਬਦਾਤਾਲਈ ਜਾਣਕਾਰੀ)**

***ਸਮਾਨ ਮੌਕੇ ਕਮੀਸ਼ਨ*** (EOC) ***ਦੀ ਭੂਮਿਕਾ***

ਸਮਾਨ ਮੌਕੇ ਕਮੀਸ਼ਨ ("EOC") *ਲਿੰਗਕ ਵਿਤਕਰਾ ਆਰਡੀਨੈਂਸ* ("SDO"), *ਅਪੰਗਤਾ ਵਿਤਕਰੇ ਸੰਬੰਧੀ ਆਰਡੀਨੈਂਸ* ("DDO"), *ਪਰਿਵਾਰਕ ਸਥਿਤੀ ਵਿਤਕਰੇ ਸੰਬੰਧੀ ਆਰਡੀਨੈਂਸ* ("FSDO") ਅਤੇ *ਨਸਲੀ ਵਿਤਕਰਾ ਆਰਡੀਨੈਂਸ* ("RDO") (ਸਮੂਹਿਕ ਤੌਰ ’ਤੇ “ਆਰਡੀਨੈਂਸ") ਨੂੰ ਲਾਗੂ ਕਰਨ ਲਈ ਸਥਾਪਤ ਕੀਤੀ ਗਈ ਇੱਕ ਵਿਧਾਨਕ ਸੰਸਥਾ ਹੈ। ਆਰਡੀਨੈਂਸ ਉਨ੍ਹਾਂ ਗੈਰ-ਕਾਨੂੰਨੀ ਕੰਮਾਂ ਨੂੰ ਦਿਖਾਉਂਦੇ ਹਨ ਜਿਨ੍ਹਾਂ ਵਿੱਚ ਵਿਅਕਤੀਆਂ ਨਾਲ ਗਤੀਵਿਧੀਆਂ ਦੇ ਨਿਰਧਾਰਤ ਖੇਤਰਾਂ ਵਿੱਚ ਲਿੰਗ, ਵਿਆਹੁਤਾ ਸਥਿਤੀ, ਗਰਭ ਅਵਸਥਾ, ਦੁੱਧ ਚੁੰਘਾਉਣ, ਅਪਾਹਜਤਾ, ਪਰਿਵਾਰਕ ਸਥਿਤੀ ਜਾਂ ਨਸਲ ਦੇ ਅਧਾਰ ’ਤੇ ਵਿਤਕਰਾ ਕੀਤਾ ਜਾਂਦਾ ਹੈ; ਉਹ ਜਿਨਸੀ ਪਰੇਸ਼ਾਨੀ, ਛਾਤੀ ਦਾ ਦੁੱਧ ਚੁੰਘਾਉਣ ਦੇ ਆਧਾਰ ’ਤੇ ਪਰੇਸ਼ਾਨੀ, ਅਪਾਹਜਤਾ ਅਤੇ ਨਸਲ ਦੇ ਆਧਾਰ ’ਤੇ ਪਰੇਸ਼ਾਨੀ ਅਤੇ ਨਿੰਦਿਆ ਦੇ ਗੈਰ ਕਨੂੰਨੀ ਕੰਮਾਂ ਨੂੰ ਵੀ ਦਿਖਾਉਂਦੇ ਹਨ; ਅਤੇ ਇਹ ਆਰਡੀਨੈਂਸਾਂ ਦੇ ਤਹਿਤ ਕਿਸੇ ਵੀ ਕਥਿਤ ਗੈਰ-ਕਾਨੂੰਨੀ ਕੰਮ ਨਾਲ ਸੰਬੰਧਤ ਸ਼ਿਕਾਇਤ ਦੀ ਜਾਂਚ ਅਤੇ ਉਸਨੂੰ ਹੱਲ ਕਰਨ ਲਈ EOC ਨੂੰ ਸ਼ਕਤੀ ਪ੍ਰਦਾਨ ਕਰਦੇ ਹਨ।

EOC ਇਸ ਕਾਨੂੰਨੀ ਭੂਮਿਕਾ ਨੂੰ ਨਿਰਪੱਖ, ਉਚਿਤ, ਨਿਆਂਪੂਰਨ ਅਤੇ ਉਦੇਸ਼ਪੂਰਨ ਢੰਗ ਨਾਲ ਨਿਭਾਉਣ ਲਈ ਵਚਨਬੱਧ ਹੈ। EOC ਇੱਕ ਨਿਰਪੱਖ ਰੁਖ ਅਪਣਾਉਂਦਾ ਹੈ ਅਤੇ ਇਹ ਸ਼ਿਕਾਇਤ ਨਾਲ ਸਬੰਧਿਤ ਕਿਸੇ ਵੀ ਧਿਰ ਦੀ ਵਕੀਲ ਨਹੀਂ ਹੈ।

EOC ਨੂੰ ਸ਼ਿਕਾਇਤ ਨਾਲ ਨਜਿੱਠਣ ਲਈ, ਸ਼ਿਕਾਇਤ ਦੇ ਕਥਿਤ ਗੈਰ-ਕਾਨੂੰਨੀ ਕੰਮ ਨੂੰ ਲਾਜ਼ਮੀ ਤੌਰ 'ਤੇ ਆਰਡੀਨੈਂਸ ਦੇ ਇੱਕ ਪ੍ਰਾਵਧਾਨ ਦੇ ਅਧੀਨ ਆਉਣਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ ਸ਼ਿਕਾਇਤ EOC ਦੇ ਅਧਿਕਾਰ ਖੇਤਰ ਵਿੱਚ ਆਉਣੀ ਚਾਹੀਦੀ ਹੈ।

***ਇੱਕ ਵਾਰ ਸ਼ਿਕਾਇਤ ਦਰਜ ਹੋਣ ਤੋਂ ਬਾਅਦ***

EOC ਦਾ ਆਰਡੀਨੈਂਸਾਂ ਦੇ ਅਧੀਨ ਗੈਰ-ਕਾਨੂੰਨੀ ਕੰਮਾਂ ਦੇ ਸਾਰੇ ਦੋਸ਼ਾਂ ਦੀ ਜਾਂਚ ਕਰਨਾ, ਜਦੋਂ ਤੱਕ ਕਿ ਉਹ ਸਪੱਸ਼ਟ ਤੌਰ ’ਤੇ ਇਸਦੇ ਅਧਿਕਾਰ ਖੇਤਰ ਤੋਂ ਬਾਹਰ ਨਾ ਹੋਣ, ਅਤੇ ਸ਼ਿਕਾਇਤ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਅਤੇ ਨਿਪਟਾਰਾ ਕਰਨ ਲਈ ਆਪਣੀਆਂ ਸੱਭ ਤੋਂ ਵਧੀਆ ਕੋਸ਼ਿਸ਼ਾਂ ਦੀ ਵਰਤੋਂ ਕਰਨ ਦਾ ਇੱਕ ਕਾਨੂੰਨੀ ਫਰਜ਼ ਹੈ।

***ਸ਼ਿਕਾਇਤ ਦੀ ਜਾਂਚ***

EOC ਹਰੇਕ ਸ਼ਿਕਾਇਤ ਦੀ ਜਾਂਚ ਕਰੇਗੀ ਜੋ ਇਸਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਜਵਾਬਦਾਤਾ ਨੂੰ ਉਸ ਦੇ ਵਿਰੁੱਧ ਕੀਤੀ ਗਈ ਸ਼ਿਕਾਇਤ ਬਾਰੇ ਜਾਂਚ ਕਰਨ ਲਈ ਨਿਯੁਕਤ ਕੀਤੇ ਕੇਸ ਅਧਿਕਾਰੀ ਵੱਲੋਂ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ। ਜਵਾਬਦਾਤਾ ਨੂੰ ਦੋਸ਼ਾਂ ਦੇ ਵੇਰਵੇ ਪ੍ਰਦਾਨ ਕੀਤੇ ਜਾਣਗੇ ਜਿਸਨੂੰ ਉਨ੍ਹਾਂ ਦਾ ਜਵਾਬ ਦੇਣ ਅਤੇ ਜਵਾਬ ਦੇ ਸਮਰਥਨ ਵਿੱਚ ਜਾਣਕਾਰੀ ਪ੍ਰਦਾਨ ਕਰਨ ਦਾ ਮੌਕਾ ਦਿੱਤਾ ਜਾਵੇਗਾ। ਸ਼ਿਕਾਇਤਕਰਤਾ ਨੂੰ ਟਿੱਪਣੀਆਂ ਕਰਨ ਲਈ ਜਵਾਬਦਾਤਾ ਵੱਲੋਂ ਦਿੱਤਾ ਜਵਾਬ ਭੇਜਿਆ ਜਾਵੇਗਾ। ਜਾਂਚ ਦੇ ਦੌਰਾਨ, ਕੇਸ ਅਧਿਕਾਰੀ ਧਿਰਾਂ ਦੁਆਰਾ ਕੁਝ ਗੱਲਾਂ ਬਾਰੇ ਸਪੱਸ਼ਟੀਕਰਨ ਦੀ ਵੀ ਮੰਗ ਕਰ ਸਕਦਾ ਹੈ, ਗਵਾਹਾਂ ਜਾਂ ਦਸਤਾਵੇਜ਼ੀ ਸਬੂਤ ਬਾਰੇ ਪੁੱਛ ਸਕਦਾ ਹੈ ਜੋ ਦੋਸ਼ਾਂ ਜਾਂ ਜਵਾਬਦਾਤਾ ਵੱਲੋਂ ਦਿੱਤੇ ਜਵਾਬ ਦਾ ਸਮਰਥਨ ਕਰਦੇ ਹੋਣ ਅਤੇ ਤੀਜੀ ਧਿਰ ਨਾਲ ਸੰਪਰਕ ਕਰ ਸਕਦਾ ਹੈ ਜੋ ਜਾਂਚ ਵਿੱਚ ਸਹਾਇਤਾ ਕਰ ਸਕਦੀ ਹੈ।

ਜਵਾਬਦਾਤਾ ਦੁਆਰਾ EOC ਨੂੰ ਪ੍ਰਦਾਨ ਕਰਨ ਲਈ ਲੋੜੀਂਦੀ ਜਾਣਕਾਰੀ ਦੀ ਕਿਸਮ ਤਿਆਰ ਕੀਤੀ ਗਈ ਸ਼ਿਕਾਇਤ ਦੀ ਪ੍ਰਕਿਰਤੀ 'ਤੇ ਨਿਰਭਰ ਕਰੇਗੀ। ਜਾਣਕਾਰੀ ਦੀ ਕਿਸਮ ਦੀ ਇੱਕ ਉਦਾਹਰਨ ਜੋ ਕਿ ਇੱਕ ਜਵਾਬਦਾਤਾ, ਰੁਜ਼ਗਾਰ ਤੋਂ ਪੈਦਾ ਹੋਣ ਵਾਲੇ ਦੋਸ਼ਾਂ ਦੇ ਸੰਬੰਧ ਵਿੱਚ EOC ਨੂੰ ਪੇਸ਼ ਕਰ ਸਕਦਾ ਹੈ ਉਸ ਵਿੱਚ ਸ਼ਾਮਲ ਹੈ -

- ਕਥਿਤ ਗੈਰ-ਕਾਨੂੰਨੀ ਕੰਮ (ਕੰਮਾਂ) ਲਈ ਜਵਾਬਦਾਤਾ ਦਾ ਖਾਸ ਜਵਾਬ
- ਪ੍ਰਦਰਸ਼ਨ ਮੁਲਾਂਕਣ ਰਿਪੋਰਟਾਂ
- ਕਾਉਂਸਲਿੰਗ ਨੋਟਸ, ਚੇਤਾਵਨੀ(ਆਂ) ਦੇ ਸਬੂਤ, ਆਦਿ।
- ਇੰਟਰਵਿਊ ਦੇ ਸਾਰ, ਰਿਪੋਰਟਾਂ
- ਇੰਟਰਵਿਊ ਦੇ ਸਵਾਲ
- ਨੌਕਰੀ ਦੇ ਇਸ਼ਤਿਹਾਰ ਦੀ ਕਾਪੀ
- ਡਿਊਟੀ ਦੇ ਬਿਆਨ, ਨੌਕਰੀ ਦੇ ਮਾਪਦੰਡਾਂ ਦੀ ਸੂਚੀ
- ਬਰਾਬਰ ਮੌਕੇ ਦੀ ਨੀਤੀ, ਜਿਨਸੀ ਪਰੇਸ਼ਾਨੀ ਸੰਬੰਧੀ ਨੀਤੀ
- ਸ਼ਿਕਾਇਤ ਪ੍ਰਕਿਰਿਆਵਾਂ
- ਗਵਾਹਾਂ ਦੇ ਨਾਮ, ਸੰਪਰਕ ਜਾਣਕਾਰੀ ਅਤੇ ਬਿਆਨ (ਜੇ ਕੋਈ ਹੈ)

ਜਵਾਬਦਾਤਾ ਨੂੰ EOC ਨੂੰ ਜਮ੍ਹਾਂ ਕੀਤੇ ਗਏ ਦਸਤਾਵੇਜ਼ਾਂ/ਸਬੂਤਾਂ ਦੀ ਅਸਲ ਕਾਪੀ ਸਹੀ ਢੰਗ ਨਾਲ ਰੱਖਣੀ ਚਾਹੀਦੀ ਹੈ।

ਆਰਡੀਨੈਂਸਾਂ ਵਿੱਚ ਬਹੁਤ ਸਾਰੀਆਂ ਛੋਟਾਂ ਸ਼ਾਮਲ ਹਨ ਜਿਨ੍ਹਾਂ ਉੱਤੇ ਜਵਾਬਦਾਤਾ ਇਹ ਦਿਖਾਉਣ ਲਈ ਭਰੋਸਾ ਕਰ ਸਕਦਾ ਹੈ ਕਿ ਉਸ ਦੇ ਕੰਮ ਗੈਰ-ਕਾਨੂੰਨੀ ਹੈ(ਹਨ)/ਨਹੀਂ ਹੈ(ਹਨ)। ਇਹ ਦਿਖਾਉਣ ਦੀ ਜ਼ਿੰਮੇਵਾਰੀ ਜਵਾਬਦਾਤਾ ਦੀ ਹੈ ਕਿ ਉਸ ਦੇ ਕੇਸ ਵਿੱਚ ਇਨ੍ਹਾਂ ਵਿੱਚੋਂ ਇੱਕ ਛੋਟ ਲਾਗੂ ਹੁੰਦੀ ਹੈ।

ਗਵਾਹਾਂ ਨੂੰ ਆਰਡੀਨੈਂਸਾਂ ਵਿੱਚ ਸ਼ਾਮਲ ਪੀੜਤ ਉਪਬੰਧਾਂ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ। ਸ਼ਿਕਾਇਤਕਰਤਾ ਦੇ ਦੋਸ਼ਾਂ ਦੇ ਸਮਰਥਨ ਵਿੱਚ ਗਵਾਹਾਂ ਦੁਆਰਾ ਦਿੱਤੀ ਗਈ ਢੁੱਕਵੀਂ ਜਾਣਕਾਰੀ ਨੂੰ ਟਿੱਪਣੀ ਲੈਣ ਲਈ ਜਵਾਬਦਾਤਾ ਅੱਗੇ ਰੱਖਿਆ ਜਾਵੇਗਾ, ਅਤੇ ਇਸੇ ਤਰ੍ਹਾਂ ਜਵਾਬਦਾਤਾ ਦੇ ਜਵਾਬ ਦੇ ਸਮਰਥਨ ਵਿੱਚ ਗਵਾਹਾਂ ਦੀ ਜਾਣਕਾਰੀ ਲਈ ਰੱਖਿਆ ਜਾਵੇਗਾ। ਇਹ ਇਸ ਲਈ ਕੀਤਾ ਜਾਂਦਾ ਹੈ, ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਦੋਵਾਂ ਧਿਰਾਂ ਨੂੰ ਗਵਾਹਾਂ ਦੇ ਸਬੂਤਾਂ ਦਾ ਜਵਾਬ ਦੇਣ ਦਾ ਮੌਕਾ ਦਿੱਤਾ ਗਿਆ ਹੈ।

EOC ਨਿਰਪੱਖ ਢੰਗ ਨਾਲ ਜਾਂਚ ਕਰੇਗਾ ਅਤੇ ਸਾਰੀਆਂ ਸ਼ਿਕਾਇਤਾਂ ਵਿੱਚ ਨਿਰਪੱਖਤਾ ਨਾਲ ਕੰਮ ਕਰੇਗਾ। ਨਿਰਪੱਖਤਾ ਦਾ ਮਤਲਬ ਸਿਰਫ਼ ਨਿਰਪੱਖ ਹੋਣਾ ਨਹੀਂ ਹੈ, ਨਾ ਹੀ ਇਸਦਾ ਮਤਲਬ ਪ੍ਰਕਿਰਿਆ ਤੋਂ ਵੱਖ ਹੋਣਾ ਹੈ। ਕੁਦਰਤੀ ਨਿਆਂ, ਕਾਨੂੰਨ ਦੇ ਅਧੀਨ ਧਿਰਾਂ ਦਾ ਅਧਿਕਾਰ ਅਤੇ ਜ਼ਿੰਮੇਵਾਰੀ, ਖੰਡਨ ਅਤੇ ਸੁਣੇ ਜਾਣ ਦੇ ਅਧਿਕਾਰ ਦਾ ਸਨਮਾਨ ਕਰਨ, ਇਕੱਤਰ ਕੀਤੀ ਗਈ ਸੰਬੰਧਤ ਜਾਣਕਾਰੀ ਤੱਕ ਪਹੁੰਚ, ਪ੍ਰਕਿਰਿਆ ਦੀ ਨਿਰਪੱਖਤਾ ਅਤੇ ਪ੍ਰਕਿਰਿਆ ਦੀ ਪਾਰਦਰਸ਼ਤਾ, ਅਤੇ ਧਿਰਾਂ ਨੂੰ ਸਾਡੇ ਫੈਸਲਿਆਂ ਦੇ ਕਾਰਨਾਂ ਬਾਰੇ ਜਾਣੂ ਕਰਵਾਉਣ ਲਈ ਉਚਿਤ ਵਿਚਾਰ ਕੀਤਾ ਜਾਂਦਾ ਹੈ।

ਇਹ ਧਿਰਾਂ ਦੀ ਜਿੰਮੇਵਾਰੀ ਹੈ ਕਿ ਉਹ ਕੇਸ ਅਫਸਰ ਨਾਲ ਸੰਪਰਕ ਬਣਾਈ ਰੱਖਣ ਅਤੇ ਉਹਨਾਂ ਦੇ ਸੰਪਰਕ ਵੇਰਵਿਆਂ ਜਿਵੇਂ ਕਿ ਪੱਤਰ ਵਿਹਾਰ ਪਤੇ ਜਾਂ ਟੈਲੀਫੋਨ ਨੰਬਰ ਵਿੱਚ ਤਬਦੀਲੀਆਂ ਹੋਣ ’ਤੇ ਜਿੰਨੀ ਜਲਦੀ ਸੰਭਵ ਹੋਵੇ ਕੇਸ ਅਫਸਰ ਨੂੰ ਦੱਸਿਆ ਜਾਵੇ।

EOC ਸ਼ਿਕਾਇਤ ਦੀ ਜਾਂਚ ਨਾ ਕਰਨ ਜਾਂ ਬੰਦ ਕਰਨ ਦਾ ਫੈਸਲਾ ਕਰ ਸਕਦਾ ਹੈ ਜੇਕਰ -

- EOC ਸੰਤੁਸ਼ਟ ਹੋ ਜਾਂਦਾ ਹੈ ਕਿ ਆਰਡੀਨੈਂਸ ਦੇ ਉਪਬੰਧ ਦੇ ਆਧਾਰ ’ਤੇ ਸ਼ਿਕਾਇਤ ਕੀਤਾ ਗਿਆ ਕੰਮ ਗੈਰਕਾਨੂੰਨੀ ਨਹੀਂ ਹੈ
- EOC ਦੀ ਰਾਏ ਹੈ ਕਿ ਗਤੀਵਿਧੀ ਕਾਰਨ ਦੁਖੀ ਹੋਇਆ ਵਿਅਕਤੀ ਨਹੀਂ ਚਾਹੁੰਦਾ ਹੈ (ਜਾਂ ਪ੍ਰਤੀਨਿਧੀ ਦੀ ਸ਼ਿਕਾਇਤ ਦੇ ਕੇਸ ਵਿੱਚ, ਕੰਮ ਦੁਆਰਾ ਦੁਖੀ ਵਿਅਕਤੀਆਂ ਵਿੱਚੋਂ ਕੋਈ ਨਹੀਂ ਚਾਹੁੰਦਾ ਹੈ) ਕਿ ਜਾਂਚ ਕੀਤੀ ਜਾਵੇ ਜਾਂ ਜਾਰੀ ਰੱਖੀ ਜਾਵੇ।
- ਇਸ ਕੰਮ ਦੇ ਹੋਣ ਤੋਂ ਬਾਅਦ 12 ਮਹੀਨਿਆਂ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ
- ਪ੍ਰਤੀਨਿਧੀ ਦੀ ਸ਼ਿਕਾਇਤ ਦੇ ਕੇਸ ਵਿੱਚ, EOC ਇਹ ਨਿਰਧਾਰਤ ਕਰਦਾ ਹੈ ਕਿ ਸ਼ਿਕਾਇਤ ਇੱਕ ਪ੍ਰਤੀਨਿਧੀ ਸ਼ਿਕਾਇਤ ਨਹੀਂ ਹੋਣੀ ਚਾਹੀਦੀ (ਪ੍ਰਤੀਨਿਧੀ ਸ਼ਿਕਾਇਤਾਂ ਨਾਲ ਨਜਿੱਠਣ ਵਾਲੇ ਸੰਬੰਧਤ ਨਿਯਮਾਂ ਦੇ ਅਨੁਸਾਰ)
- EOC ਦਾ ਵਿਚਾਰ ਹੈ ਕਿ ਸ਼ਿਕਾਇਤ ਬੇਤੁਕੀ, ਪਰੇਸ਼ਾਨ ਕਰਨ ਵਾਲੀ, ਗਲਤ ਧਾਰਨਾ ਵਾਲੀ ਜਾਂ ਤੱਤ ਦੀ ਘਾਟ ਵਾਲੀ ਹੈ

ਜੇਕਰ EOC ਸ਼ਿਕਾਇਤ ਦੀ ਜਾਂਚ ਨਾ ਕਰਨ ਜਾਂ ਬੰਦ ਕਰਨ ਦਾ ਫੈਸਲਾ ਕਰਦਾ ਹੈ, ਤਾਂ ਸ਼ਿਕਾਇਤਕਰਤਾ ਨੂੰ ਫੈਸਲੇ ਅਤੇ ਇਸਦੇ ਕਾਰਨ(ਕਾਰਨਾਂ) ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ। ਜਦੋਂ ਤੱਕ ਸੁਲ੍ਹਾ ਜਾਂ ਪੂਰੀ ਜਾਂਚ ਨਹੀਂ ਹੋ ਜਾਂਦੀ, ਜਵਾਬਦਾਤਾ ਨੂੰ ਆਮ ਤੌਰ 'ਤੇ ਸ਼ਿਕਾਇਤ ਦੀ ਮੌਜੂਦਗੀ ਜਾਂ ਕਿਸੇ ਫੈਸਲੇ ਬਾਰੇ ਸੂਚਿਤ ਨਹੀਂ ਕੀਤਾ ਜਾਵੇਗਾ।

***SDO / DDO / FSDO / RDO (ਜਾਂਚ ਅਤੇ ਸੁਲ੍ਹਾ) ਨਿਯਮ***

ਇਹਨਾਂ ਨਿਯਮਾਂ ਦੀ ਧਾਰਾ 5(1) ਦੇ ਤਹਿਤ, ਕਿਸੇ ਵੀ ਵਿਅਕਤੀ ਨੂੰ ਲਿਖਤੀ ਰੂਪ ਵਿੱਚ ਅਜਿਹੀ ਜਾਣਕਾਰੀ ਪ੍ਰਦਾਨ ਕਰਨ ਲਈ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ ਜੋ ਕਿਸੇ ਕੰਮ ਦੀ ਜਾਂਚ ਦੇ ਉਦੇਸ਼ ਲਈ ਅਤੇ ਕੇਸ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਵਿੱਚ ਨਿਰਧਾਰਤ ਕੀਤੀ ਗਈ ਹੈ। ਜਾਰੀ ਕੀਤੇ ਗਏ ਲਿਖਤੀ ਨੋਟਿਸ ਦੀ ਪਾਲਣਾ ਕਰਨ ਲਈ ਵਾਜਬ ਕਾਰਨ ਤੋਂ ਬਿਨਾਂ ਅਸਫਲਤਾ, ਜਾਂ ਇਨਕਾਰ ਇੱਕ ਜੁਰਮ ਹੈ ਅਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਿਸ ਲਈ ਪੱਧਰ 4 (ਜਿਵੇਂ ਕਿ 10,001 ਤੋਂ 25,000 ਹਾਂਗਕਾਂਗ ਡਾਲਰ) ਤੱਕ ਜੁਰਮਾਨਾ ਲਗਾਇਆ ਜਾ ਸਕਦਾ ਹੈ।

***ਜਾਂਚ ਗੁਪਤਤਾ***

EOC ਸ਼ਿਕਾਇਤ ਦੇ ਨਿਪਟਾਰੇ ਅਤੇ ਹੋਰ ਸੰਬੰਧਤ ਉਦੇਸ਼ਾਂ ਲਈ ਜਾਂਚ ਦੇ ਦੌਰਾਨ ਪ੍ਰਾਪਤ ਜਾਣਕਾਰੀ ਅਤੇ ਸਮੱਗਰੀ ਦੀ ਵਰਤੋਂ ਕਰੇਗਾ। ਜੇਕਰ ਅਜਿਹਾ ਕਰਨਾ ਜਾਂਚ ਲਈ ਅਨੁਕੂਲ ਹੈ ਤਾਂ ਸੰਬੰਧਤ ਜਾਣਕਾਰੀ ਅਤੇ ਸਮੱਗਰੀ, ਧਿਰਾਂ ਅਤੇ ਗਵਾਹਾਂ ਨੂੰ ਟਿੱਪਣੀ ਲਈ ਪ੍ਰਦਾਨ ਕੀਤੀ ਜਾ ਸਕਦੀ ਹੈ। ਪਰ ਇਸਦਾ ਜਨਤਾ ਜਾਂ ਉਨ੍ਹਾਂ ਵਿਅਕਤੀਆਂ ਨੂੰ ਖੁਲਾਸਾ ਨਹੀਂ ਕੀਤਾ ਜਾਵੇਗਾ ਜੋ ਸ਼ਿਕਾਇਤ ਦੀ ਜਾਂਚ ਨਾਲ ਨਹੀਂ ਜੁੜੇ ਹੋਏ ਹਨ।

ਸ਼ਿਕਾਇਤ ਕਰਨ ਵਾਲੀਆਂ ਧਿਰਾਂ ਨੂੰ ਗੁਪਤਤਾ ਦੇ ਸਿਧਾਂਤ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਜਾਂਚ ਦੇ ਦੌਰਾਨ ਪ੍ਰਾਪਤ ਕੀਤੀ ਜਾਂ ਬਦਲੀ ਗਈ ਜਾਣਕਾਰੀ ਨੂੰ ਨਾ ਜਨਤਾ ਅਤੇ ਨਾ ਹੀ ਸ਼ਿਕਾਇਤ ਨਾਲ ਨਾ ਜੁੜੇ ਵਿਅਕਤੀਆਂ ਨੂੰ ਦੱਸਿਆ ਜਾਣਾ ਚਾਹੀਦਾ ਹੈ, ਅਤੇ ਇਸਨੂੰ ਸਿਰਫ EOC ਦੀ ਜਾਂਚ ਜਾਂ ਆਰਡੀਨੈਂਸਾਂ ਦੇ ਅਧੀਨ ਕਿਸੇ ਵੀ ਅਗਲੀ ਕਾਨੂੰਨੀ ਕਾਰਵਾਈ ਦੇ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ। ਅਜਿਹੀ ਜਾਣਕਾਰੀ ਦਾ ਖੁਲਾਸਾ ਕਰਨਾ ਮਾਮਲੇ ਦੀ ਜਾਂਚ ਅਤੇ ਮਿੱਤਰਤਾ-ਪੂਰਨ ਨਿਪਟਾਰੇ ਲਈ ਅਨੁਕੂਲ ਨਹੀਂ ਹੈ।

ਜੇਕਰ ਧਿਰਾਂ ਸੁਲ੍ਹਾ ਕਰਨ ਦੇ ਯੋਗ ਨਹੀਂ ਹਨ ਅਤੇ ਕੇਸ ਨੂੰ ਅਦਾਲਤ ਵਿੱਚ ਲਿਆਇਆ ਜਾਣਾ ਚਾਹੀਦਾ ਹੈ, ਤਾਂ ਜਾਂਚ ਦੌਰਾਨ ਇਕੱਤਰ ਕੀਤੀ ਜਾਣਕਾਰੀ ਅਤੇ ਸਮੱਗਰੀ ਅਦਾਲਤੀ ਕਾਰਵਾਈ ਵਿੱਚ ਸਬੂਤ ਵਜੋਂ ਸਵੀਕਾਰ ਕੀਤੀ ਜਾ ਸਕਦੀ ਹੈ।

*ਸੁਲ੍ਹਾ*

ਇਹ EOC ਦੇ ਸ਼ਿਕਾਇਤ ਪ੍ਰਬੰਧਨ ਵਿਧੀ ਦਾ ਮੁਢਲਾ ਉਦੇਸ਼ ਹੈ ਕਿ ਸੁਲ੍ਹਾ ਰਾਹੀਂ ਮਾਮਲੇ ਨੂੰ ਜਲਦੀ ਹੱਲ ਕਰਨ ਲਈ ਸ਼ਿਕਾਇਤ ਕਰਨ ਵਾਲੀਆਂ ਧਿਰਾਂ ਦੀ ਮਦਦ ਕੀਤੀ ਜਾਵੇ। ਇਸ ਲਈ, ਸ਼ੁਰੂਆਤੀ ਪੜਾਅ ਤੇ, ਜੇਕਰ ਉਚਿਤ ਸਮਝਿਆ ਜਾਵੇ ਤਾਂ EOC ਸੰਬੰਧਤ ਧਿਰਾਂ ਨੂੰ ਛੇਤੀ ਸੁਲ੍ਹਾ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕਰ ਸਕਦਾ ਹੈ, ਤਾਂ ਕਿ ਵਿਸਤ੍ਰਿਤ ਜਾਂਚ ਪ੍ਰਕਿਰਿਆ ਵਿੱਚੋਂ ਲੰਘੇ ਬਿਨਾਂ ਝਗੜੇ ਨੂੰ ਜਲਦੀ ਹੱਲ ਕਰਨ ਦੇ ਤਰੀਕੇ ਲੱਭੇ ਜਾ ਸਕਣ। ਸ਼ੁਰੂਆਤੀ ਸੁਲ੍ਹਾ ਦੇ ਦੌਰਾਨ, ਜਾਂਚ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ ਅਤੇ ਜੇਕਰ ਛੇਤੀ ਸੁਲ੍ਹਾ ਅਸਫਲ ਰਹਿੰਦੀ ਹੈ ਤਾਂ ਉਸ ਜਾਂਚ ਨੂੰ ਵਾਪਸ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਪੂਰੀ ਜਾਂਚ ਕੀਤੀ ਜਾਂਦੀ ਹੈ ਅਤੇ ਜੇਕਰ EOC ਅੱਗੇ ਸੁਲ੍ਹਾ ਨੂੰ ਦੁਬਾਰਾ ਕਰਵਾਉਣਾ ਉਚਿਤ ਸਮਝੇ ਤਾਂ ਇਸਦਾ ਸੁਝਾਅ ਦੇਵੇਗਾ। ਸੁਲ੍ਹਾ ਦੇ ਉਦੇਸ਼ਾਂ ਲਈ, ਸੁਲ੍ਹਾ ਅਫ਼ਸਰ ਵਜੋਂ ਕੇਸ ਅਫ਼ਸਰ ਕਿਸੇ ਵੀ ਧਿਰ ਦੇ ਵਕੀਲ ਵਜੋਂ ਕੰਮ ਨਹੀਂ ਕਰੇਗਾ, ਪਰ ਇੱਕ ਸੰਚਾਰ ਸਹੂਲਤ ਵਜੋਂ ਕੰਮ ਕਰੇਗਾ। ਕੇਸ ਅਫਸਰ ਦੀ ਭੂਮਿਕਾ, ਦੋਨਾਂ ਧਿਰਾਂ ਨੂੰ ਉਹਨਾਂ ਮੁੱਦਿਆਂ ਦੀ ਜਾਂਚ ਕਰਨ ਵਿੱਚ ਸਹਾਇਤਾ ਕਰਨਾ ਜਿਨ੍ਹਾਂ ਦੇ ਕਾਰਨ ਸ਼ਿਕਾਇਤ ਹੋਈ, ਸਮਝੌਤੇ ਦੇ ਕਿਸੇ ਵੀ ਅੰਕ ਦੀ ਪਛਾਣ ਕਰਨੀ ਅਤੇ ਸ਼ਿਕਾਇਤ ਨੂੰ ਹੱਲ ਕਰਨ ਦੀ ਕੋਸ਼ਿਸ਼ ਵਿੱਚ ਹੱਲ ’ਤੇ ਪਹੁੰਚਣਾ ਹੈ।

ਸੁਲ੍ਹਾ ਦਾ ਫਾਇਦਾ ਨਿਵਾਰਣ ਦੇ ਹੋਰ ਰੂਪਾਂ ਦੇ ਮੁਕਾਬਲੇ ਇਸਦੀ ਤੁਲਨਾਤਮਕ ਗਤੀ ਹੈ। ਇਸ ਵਿੱਚ ਆਮ ਤੌਰ ’ਤੇ ਘੱਟ ਲੋਕ ਸ਼ਾਮਲ ਹੁੰਦੇ ਹਨ ਅਤੇ ਇਹ ਗੁਪਤਤਾ ਨੂੰ ਯਕੀਨੀ ਕਰਨਾ ਆਸਾਨ ਬਣਾਉਂਦਾ ਹੈ। EOC ਦੁਆਰਾ ਸੁਲ੍ਹਾ ਮੁਫਤ ਹੈ ਅਤੇ ਇਸ ਲਈ ਕਿਸੇ ਨਿਪਟਾਰੇ ’ਤੇ ਪਹੁੰਚਣ ਲਈ ਧਿਰਾਂ ਨੂੰ ਘੱਟ ਖਰਚਾ ਆਵੇਗਾ ਜਾਂ ਕੋਈ ਖਰਚਾ ਨਹੀਂ ਕਰਨਾ ਪਵੇਗਾ।

ਦੋਨਾਂ ਧਿਰਾਂ ਦੁਆਰਾ ਸੁਲ੍ਹਾ ਲਈ ਅਧੀਨਗੀ ਪੂਰੀ ਤਰ੍ਹਾਂ ਸਵੈਇੱਛਤ ਹੈ, ਹਾਲਾਂਕਿ EOC ਕੋਲ ਲਾਜ਼ਮੀ ਸੁਲ੍ਹਾ ਕਾਨਫਰੰਸ ਬੁਲਾਉਣ ਦੀ ਸ਼ਕਤੀ ਹੈ। ਹਾਲਾਂਕਿ, EOC ਧਿਰਾਂ ਨੂੰ ਸਮਝੌਤੇ ’ਤੇ ਪਹੁੰਚਣ ਲਈ ਮਜਬੂਰ ਨਹੀਂ ਕਰ ਸਕਦਾ ਹੈ। ਨਾ ਹੀ EOC ਕਿਸੇ ਸਮਝੌਤੇ ਦੀਆਂ ਸ਼ਰਤਾਂ ਨੂੰ ਨਿਰਦੇਸ਼ਿਤ ਕਰਦਾ ਹੈ। ਇਹ ਧਿਰਾਂ ਵਿਚਕਾਰ ਗੱਲਬਾਤ ਯੋਗ ਹਨ।

ਜੇਕਰ ਆਪਸੀ ਸਮਝੌਤਾ ਹੋ ਜਾਂਦਾ ਹੈ, ਤਾਂ ਸਮਝੌਤੇ ਦੀਆਂ ਸ਼ਰਤਾਂ ਨੂੰ ਲਿਖਤੀ ਰੂਪ ਵਿੱਚ ਲਿਆਇਦਾਂ ਜਾਵੇਗਾ ਅਤੇ ਧਿਰਾਂ ਦੁਆਰਾ ਸਾਈਨ ਕੀਤਾ ਜਾਵੇਗਾ। ਸੁਲ੍ਹਾ ਦਾ ਸਮਝੌਤਾ ਧਿਰਾਂ ਦੇ ਸਮਝੌਤੇ ਦਾ ਬੰਧਨ ਅਤੇ ਸਿੱਟਾ ਹੈ। ਨਿਪਟਾਰੇ ਵੱਖੋ-ਵੱਖਰੇ ਹੁੰਦੇ ਹਨ ਅਤੇ ਇਸ ਵਿੱਚ ਮਾਫੀ, ਮੁਦਰਾ ਰਾਸ਼ੀ ਜਾਂ ਕੁਝ ਕਾਰਵਾਈਆਂ ਨੂੰ ਪੂਰਾ ਕਰਨਾ ਸ਼ਾਮਲ ਹੋ ਸਕਦਾ ਹੈ। EOC ਧਿਰਾਂ ਦੀ ਇੱਕ ਮਿੱਤਰਤਾ-ਪੂਰਨ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰਨ ਅਤੇ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।

ਜੇਕਰ ਪੂਰੀ ਜਾਂਚ ਤੋਂ ਬਾਅਦ ਸੁਲ੍ਹਾ ਦਾ ਪ੍ਰਬੰਧ ਕੀਤਾ ਜਾਂਦਾ ਹੈ ਪਰ ਕਿਸੇ ਨਿਪਟਾਰੇ ’ਤੇ ਨਹੀਂ ਪਹੁੰਚਿਆ ਜਾ ਸਕਦਾ ਹੈ, ਤਾਂ ਸ਼ਿਕਾਇਤਕਰਤਾ ਨੂੰ, ਜਿਸਨੇ ਇਸ ਲਈ ਅਪਲਾਈ ਕੀਤਾ ਹੈ, ਉਸਨੂੰ EOC ਤੋਂ ਕਾਨੂੰਨੀ ਸਹਾਇਤਾ ਸਮੇਤ ਹੋਰ ਰੂਪਾਂ ਦੀ ਸਹਾਇਤਾ ਉਪਲਬਧ ਹੋ ਸਕਦੀ ਹੈ। EOC ਹਰੇਕ ਅਰਜੀ ਦਾ ਵੱਖਰੇ ਤੌਰ ’ਤੇ ਮੁਲਾਂਕਣ ਕਰੇਗਾ ਅਤੇ ਸ਼ਿਕਾਇਤਕਰਤਾ ਨੂੰ ਉਚਿਤ ਸਹਾਇਤਾ ਜਾਂ ਸਲਾਹ ਪ੍ਰਦਾਨ ਕਰੇਗਾ ਜਿਵੇਂ ਕਿ ਉਹ ਉਚਿਤ ਸਮਝਦਾ ਹੈ।

***ਸੁਲ੍ਹਾ ਦੀ ਗੁਪਤਤਾ***

ਸੁਲ੍ਹਾ ਦੇ ਦੌਰਾਨ ਪ੍ਰਾਪਤ ਹੋਈ ਕੋਈ ਵੀ ਜਾਣਕਾਰੀ ਗੁਪਤ ਹੁੰਦੀ ਹੈ ਅਤੇ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਸਹਿਮਤੀ ਤੋਂ ਬਿਨਾਂ ਇਸ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ ਹੈ। ਗੁਪਤਤਾ ਦਾ ਕੋਈ ਵੀ ਉਲੰਘਣ, ਮਾਮਲੇ ਦੇ ਮਿੱਤਰਤਾ-ਪੂਰਨ ਨਿਪਟਾਰੇ ਲਈ ਅਨੁਕੂਲ ਨਹੀਂ ਹੋ ਸਕਦਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਅਜਿਹੀ ਜਾਣਕਾਰੀ ਅਦਾਲਤੀ ਕਾਰਵਾਈਆਂ ਵਿੱਚ ਸਬੂਤ ਵਜੋਂ ਸਵੀਕਾਰ ਨਹੀਂ ਕੀਤੀ ਜਾਂਦੀ।

***ਹੋਰ ਉਪਚਾਰ***

ਆਰਡੀਨੈਂਸ ਦੇ ਤਹਿਤ, ਸ਼ਿਕਾਇਤਕਰਤਾ, ਕਥਿਤ ਕੰਮ ਜੋ ਕੀਤਾ ਗਿਆ ਸੀ ਉਸਦੇ 24 ਮਹੀਨਿਆਂ ਦੇ ਅੰਦਰ ਅੰਦਰ ਜ਼ਿਲ੍ਹਾ ਅਦਾਲਤ ਵਿੱਚ ਸਿਵਲ ਕਾਰਵਾਈ ਵੀ ਚਲਾ ਸਕਦਾ ਹੈ। EOC ਨਾਲ ਸ਼ਿਕਾਇਤ ਦਰਜ ਕਰਵਾਉਂਦੇ ਹੋਏ ਇਹ ਇੱਕ ਵਿਕਲਪ ਵਜੋਂ ਕੀਤਾ ਜਾ ਸਕਦਾ ਹੈ।

***ਨਿਜੀ ਡਾਟਾ***

ਦਰਜ ਕੀਤਾ ਗਿਆ ਹਰ ਤਰ੍ਹਾਂ ਦਾ ਨਿੱਜੀ ਡੇਟਾ ਕੇਵਲ ਈ ਓ ਸੀ (EOC) ਦੁਆਰਾ ਇਸਦੇ ਵੈਧਾਨਿਕ ਕੰਮਾਂ ਨੂੰ ਕਰਨ ਲਈ ਵਰਤਿਆ ਜਾਵੇਗਾ। ਡੇਟਾ ਵਿਚ ਸ਼ਾਮਲ ਵਿਅਕਤੀਆਂ ਨੂੰ ਸ਼ਿਕਾਇਤ ਦੇ ਸੰਬੰਧ ਵਿਚ ਜਮ੍ਹਾਂ ਕੀਤੇ ਗਏ ਨਿੱਜੀ ਡੇਟਾ ਤੱਕ ਪਹੁੰਚ ਕਰਨ ਦਾ ਅਤੇ ਇਸ ਵਿਚ ਸੋਧ ਕਰਨ ਦਾ ਅਧਿਕਾਰ ਹੈ। ਪਰਸਨਲ ਡੇਟਾ (ਪ੍ਰਾਈਵੇਸੀ) ਆਰਡੀਨੈਂਸ (Personal Data (Privacy) Ordinance) ਦੇ ਅਧੀਨ, ਡੇਟਾ ਤੱਕ ਪਹੁੰਚ ਕਰਨ ਅਤੇ/ਜਾਂ ਇਸ ਵਿਚ ਸੋਧ ਕਰਨ ਦੀ ਕੋਈ ਵੀ ਰਸਮੀ ਬੇਨਤੀ ਲਿਖਤ ਦੇ ਵਿਚ ਈ ਓ ਸੀ (EOC) ਦੇ ਨਿਰਦੇਸ਼ਕ (ਸ਼ਿਕਾਇਤ ਸੇਵਾਵਾਂ) ਕੋਲ ਦਰਜ ਕਰਵਾਈ ਜਾਣੀ ਚਾਹੀਦੀ ਹੈ। ਦਰਜ ਕਰਵਾਏ ਗਏ ਨਿੱਜੀ ਡੇਟਾ ਨੂੰ ਉਹਨਾਂ ਧਿਰਾਂ ਕੋਲ ਭੇਜਿਆ ਜਾ ਸਕਦਾ ਹੈ ਜੋ ਸ਼ਿਕਾਇਤ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੋਣਗੀਆਂ। ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਸ਼ਿਕਾਇਤ ਉੱਪਰ ਕਾਰਵਾਈ ਕਰਨ ਨਾਲ ਸੰਬੰਧਤ ਧਿਰਾਂ ਨੂੰ ਕੋਲ ਪ੍ਰਗਟ ਕੀਤਾ ਜਾ ਸਕਦਾ ਹੈ, ਜਾਂ ਅਧਿਕ੍ਰਿਤ ਵਿਅਕਤੀ(ਆਂ) ਕੋਲ ਭੇਜਿਆ ਜਾ ਸਕਦਾ ਹੈ ਪਰ ਇਹ ਕੇਵਲ ਸੇਵਾ ਵਿਚ ਸੁਧਾਰ ਨਾਲ ਸੰਬੰਧਤ ਖੋਜ ਕਰਨ ਲਈ ਈ ਓ ਸੀ (EOC) ਦੁਆਰਾ ਕੰਮ ਤੇ ਲਗਾਏ ਗਏ ਪੇਸ਼ੇਵਰ ਸਲਾਹਕਾਰਾਂ / ਏਜੰਟਾਂ ਅਤੇ ਕਾਨੂੰਨ ਲਾਗੂ ਕਰਨ ਨਾਲ ਸੰਬੰਧਤ ਏਜੰਸੀਆਂ ਤੱਕ ਹੀ ਸੀਮਤ ਨਹੀਂ ਹੈ। ਨਿੱਜੀ ਡੇਟਾ ਨੂੰ ਓਨਾ ਸਮਾਂ ਹੀ ਰੱਖਿਆ ਜਾਵੇਗਾ ਜਿੰਨਾ ਸਮਾਂ ਜਿਸ ਉਦੇਸ਼ (ਕਿਸੇ ਸਿੱਧੇ ਸਬੰਧਤ ਉਦੇਸ਼ ਦੇ ਸਮੇਤ) ਨੂੰ ਜਿਸ ਲਈ ਡੇਟਾ ਨੂੰ ਵਰਤਿਆ ਜਾ ਰਿਹਾ ਹੈ, ਨੂੰ ਪੂਰਾ ਨਹੀਂ ਕਰ ਲਿਆ ਜਾਂਦਾ। ਵੇਰਵਿਆਂ ਦੇ ਲਈ ਕਿਰਪਾ ਕਰਕੇ ਈ ਓ ਸੀ (EOC) ਦੀ ਪਰਸਨਲ ਇਨਫਾਰਮੇਸ਼ਨ ਕੁਲੈਕਸ਼ਨ ਸਟੇਟਮੈਂਟ ਐਂਡ ਪ੍ਰਾਈਵੇਸੀ ਪਾਲਸੀ ਸਟੇਟਮੈਂਟ (Personal

Information Collection Statement and Privacy Policy Statement) ਨੂੰ ਇਸਦੀ ਵੈਬਸਾਇਟ (https://www.eoc.org.hk/en/about-the-eoc/eoc-policies/personal-information-collection) 'ਤੇ ਦੇਖੋ।